ਮੰਗਲਵਾਰ
5, ਜਨਵਰੀ 2010
23 ਪੋਹ ਨਾਨਕਸ਼ਾਹੀ 541
ਜਲੰਧਰ ਅੰਕ ਨੰ 265, ਸਾਲ 25
Postal Regd. No.
PB/0007/09-2011

# ਅੱਜ ਦੀ ਆਵਾਜ਼

ਕੀਮਤ 2 ਰੁਪਏ

www.ajdiawaaz.com — ਪੰਜਾਬ ਦੀ ਉਮੀਦ — info@ajdiawaaz.com




## ਅਕਾਲ ਤਖ਼ਤ ਵੱਲੋਂ ਨਾਨਕਸ਼ਾਹੀ ਕੈਲੰਡਰ 'ਚ ਸੋਧਾਂ ਚੇਤ ਤੋਂ ਲਾਗੂ

ਅੰਮ੍ਰਿਤਸਰ, 4 ਜਨਵਰੀ (ਮੋਤਾ ਸਿੰਘ)-ਸ੍ਰੀ ਅਕਾਲ ਤਖਤ ਸਾਹਿਬ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅੰਤ੍ਰਿਗ ਕਮੇਟੀ ਵੱਲੋਂ ਨਾਨਕਸ਼ਾਹੀ ਕੈਲੰਡਰ ਵਿੱਚ ਸੋਧਾਂ ਦੇ ਭੇਜੇ ਖਰੜੇ ਨੂੰ ਪ੍ਰਵਾਨਗੀ ਦਿੰਦਿਆਂ ਇਨ੍ਹਾਂ ਨੂੰ ਤੁਰੰਤ ਲਾਗੂ ਕਰਨ ਦਾ ਐਲਾਨ ਕਰ ਦਿੱਤਾ ਹੈ। ਇਸ ਸਬੰਧੀ ਫੈਸਲਾ ਅੱਜ ਇੱਥੇ ਸ੍ਰੀ ਅਕਾਲ ਤਖਤ ਸਾਹਿਬ ਦੇ ਸਕੱਤਰੇਤ ਵਿਖੇ ਸਿੰਘ ਸਾਹਿਬ ਗਿਆਨੀ ਗੁਰਬਚਨ ਸਿੰਘ ਜੀ ਦੀ ਪ੍ਰਧਾਨਗੀ ਹੇਠ ਹੋਈ ਬੈਠਕ ਵਿੱਚ ਲਿਆ ਗਿਆ ਹੈ। ਇਸ ਬੈਠਕ ਵਿੱਚ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਚਾਰ ਸਿੰਘ ਸਾਹਿਬਾਨ ਵੀ ਸ਼ਾਮਲ ਸਨ। ਸ੍ਰੀ ਅਕਾਲ ਤਖਤ ਸਾਹਿਬ ਦੇ ਜੱਥੇਦਾਰ ਗਿਆਨੀ ਗੁਰਬਚਨ ਸਿੰਘ ਜੀ ਨੇ ਮੀਟਿੰਗ ਤੋਂ ਤੁਰੰਤ ਪਿੱਛੋਂ ਇਸ ਫੈਸਲੇ ਦੀ ਪੱਤਰਕਾਰਾਂ ਅਤੇ ਸੰਗਤ ਨੂੰ ਜਾਣਕਾਰੀ ਦਿੱਤੀ। ਉਨ੍ਹਾਂ ਦੱਸਿਆ ਕਿ ਅਗਲੇ ਕੁੱਝ ਸਮੇਂ ਵਿੱਚ ਨਵਾਂ ਨਾਨਕਸ਼ਾਹੀ ਕੈਲੰਡਰ ਛੱਪ ਕੇ ਆ ਜਾਵੇਗਾ। ਸਿੰਘ ਸਾਹਿਬਾਨਾਂ ਦੇ ਨੇੜਲੇ ਸੂਤਰਾਂ ਮੁਤਾਬਕ ਨਵੇਂ ਨਾਨਕਸ਼ਾਹੀ ਕੈਲੰਡਰ ਵਿੱਚ ਕੁੱਝ ਗੁਰਪੁਰਬਾਂ ਤੇ ਸੰਗਰਾਦਾਂ ਸਬੰਧੀ ਨਵੀਆਂ ਤਰੀਕਾਂ ਤੈਅ ਕੀਤੀਆਂ ਗਈਆਂ ਹਨ। ਪਹਿਲੀ ਚੇਤਰ ਤੋਂ ਕੀਤੀਆਂ ਸੋਧਾਂ ਮੁਤਾਬਕ ਹੀ ਗੁਰਪੁਰਬ ਅਤੇ ਸੰਗਰਾਦਾਂ ਮਨਾਈਆਂ ਜਾਣਗੀਆਂ। ਇਸ ਮੌਕੇ ਮੀਟਿੰਗ ਵਿੱਚ ਜੱਥੇਦਾਰ ਗਿ. ਗੁਰਬਚਨ ਸਿੰਘ ਦੇ ਨਾਲ ਹਰਿਮੰਦਰ ਸਾਹਿਬ ਦੇ ਹੈੱਡ ਗ੍ਰੰਥੀ ਗਿਆਨੀ ਜਸਵਿੰਦਰ ਸਿੰਘ, ਗਿ. ਮੱਲ ਸਿੰਘ, ਗਿ. ਜਗਤਾਰ ਸਿੰਘ, ਗਿ. ਰਵੇਲ ਸਿੰਘ ਅਤੇ ਗਿਆਨੀ ਸੁਖਵਿੰਦਰ ਸਿੰਘ ਸ਼ਾਮਲ ਸਨ। ਗਿ. ਗੁਰਬਚਨ ਸਿੰਘ ਨੇ ਦੱਸਿਆ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦਾ ਆਗਮਨ ਪੁਰਬ ਅੱਜ 5 ਜਨਵਰੀ ਅਤੇ ਮਾਘੀ ਦਾ ਜੋੜ ਮੇਲਾ 13 ਜਨਵਰੀ ਨੂੰ ਹੀ ਮਨਾਏ ਜਾਣਗੇ, ਕਿਉਂਕਿ ਇਨ੍ਹਾਂ ਪੁਰਬਾਂ ਦੇ ਪ੍ਰਬੰਧ ਕੀਤੇ ਜਾ ਚੁੱਕੇ ਹਨ। ਸਾਰੇ ਸਿੰਘ ਸਾਹਿਬਾਨ ਨੇ ਪਹਿਲਾਂ ਪੰਜ ਵਾਰੀ ਮੂਲ ਮੰਤਰ ਤੇ ਵਾਹਿਗੁਰੂ ਦਾ ਪਾਠ ਕੀਤਾ। ਬਾਅਦ ਵਿੱਚ ਸੋਧਾਂ ਸਬੰਧੀ ਜਾਣਕਾਰੀ ਦਿੱਤੀ ਗਈ। ਸ੍ਰੀ ਅਕਾਲ ਤਖਤ ਸਾਹਿਬ ਦੇ ਜੱਥੇਦਾਰ ਤਖਤ ਸਾਹਿਬ ਦੇ ਜੱਥੇਦਾਰ ਗਿ. ਗੁਰਬਚਨ ਸਿੰਘ ਨੇ ਦੱਸਿਆ ਕਿ ਪ੍ਰਵਾਨ ਕੀਤੀਆਂ ਸੋਧਾਂ ਅਨੁਸਾਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਪੁਰਬ, ਜੋਤੀ-ਜੋਤ ਸਮਾਉਣ ਦਾ ਪੁਰਬ, ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਪੁਰਬ ਅਤੇ ਸੰਗਰਾਦਾਂ ਦੇ ਦਿਹਾੜੇ ਪੁਰਾਤਨ ਮਰਿਯਾਦਾ ਅਨੁਸਾਰ ਹੀ ਮਨਾਏ ਜਾਣਗੇ। ਗਿ.



(ਬਾਕੀ ਸਫਾ 2 'ਤੇ)

## ਨਾਨਕਸ਼ਾਹੀ ਕੈਲੰਡਰ 'ਚ ਸੋਧ ਨਾਲ ਪੰਥ ਵਿੱਚੋਂ ਵੱਡੇ ਵੱਖਰੇਵੇਂ ਖ਼ਤਮ-ਸੰਤ ਭਿੰਡਰਾਂਵਾਲੇ

### ਰਹਿਤ ਮਰਿਯਾਦਾ ਅਤੇ ਹੋਰ ਵਖਰੇਵੇਂ ਦੂਰ ਕਰਨ ਦੀਆਂ ਵੀ ਕੋਸ਼ਿਸ਼ਾਂ ਜਾਰੀ

### ਕੈਲੰਡਰ ਵਿੱਚ ਸੋਧ ਦੇ ਵਿਰੋਧੀ ਪੁਤਲੇ ਸਾੜਨ ਦੀ ਥਾਂ ਬਹਿਸ ਲਈ ਨੇੜੇ ਆਉਣ-ਸਿੰਘ ਸਾਹਿਬ

*ਮਲਕੀਤ ਸਿੰਘ ਬਰਾੜ*

ਜਲੰਧਰ, 4 ਜਨਵਰੀ -ਸ੍ਰੀ ਅਕਾਲ ਤਖਤ ਸਾਹਿਬ ਵੱਲੋਂ ਨਾਨਕਸ਼ਾਹੀ ਕੈਲੰਡਰ ਨੂੰ ਸਮੁੱਚੇ ਸਿੱਖ ਪੰਥ ਦੀ ਮੰਗ ਅਨੁਸਾਰ ਸੋਧ ਕੇ ਲਾਗੂ ਕਰਨ ਨਾਲ ਸਿੱਖ ਪੰਥ ਵਿੱਚੋਂ ਵੱਡੇ ਵੱਖਰੇਵੇਂ ਖ਼ਤਮ ਹੋ ਗਏ ਹਨ। ਇਸ ਲਈ ਸੰਤ ਸਮਾਜ, ਨਿਹੰਗ ਜੱਥੇਬੰਦੀਆਂ ਤੇ ਹੋਰ ਵੱਖ ਵੱਖ ਸੰਪਰਦਾਵਾਂ ਵੱਲੋਂ ਭਰਵਾਂ ਸਵਾਗਤ ਕੀਤਾ ਗਿਆ ਹੈ। ਇਸ ਸਬੰਧੀ ਅੱਜ ਇੱਥੇ ਦਮਦਮੀ ਟਕਸਾਲ ਦੇ ਗੁਰਦੁਆਰਾ ਸਰਮਸਤਪੁਰ ਵਿਖੇ ਭਰਵੀਂ ਕਾਨਫਰੰਸ ਦੌਰਾਨ ਦਮਦਮੀ ਟਕਸਾਲ ਦੇ ਮੁੱਖੀ ਸੰਤ ਬਾਬਾ ਹਰਨਾਮ ਸਿੰਘ ਖਾਲਸਾ ਭਿੰਡਰਾਂਵਾਲੇ, ਸ੍ਰੀ ਅਕਾਲ ਤਖਤ ਸਾਹਿਬ ਦੇ ਸਾਬਕਾ ਜੱਥੇਦਾਰ ਭਾਈ ਜਸਵੀਰ ਸਿੰਘ ਖਾਲਸਾ, ਸੰਤ ਬਾਬਾ ਹਰੀ ਸਿੰਘ ਰੰਧਾਵੇ ਵਾਲੇ ਤੇ ਹੋਰ ਸੰਤਾਂ-ਮਹਾਂਪੁਰਸ਼ਾਂ ਨੇ ਇਸ ਸੋਧ ਲਈ ਸ਼੍ਰੋਮਣੀ ਕਮੇਟੀ, ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ, ਸ੍ਰੀ ਅਕਾਲ ਤਖਤ ਸਾਹਿਬ ਦੇ ਜੱਥੇਦਾਰ ਦਾ ਧੰਨਵਾਦ ਕਰਦਿਆਂ ਇਸਨੂੰ ਸਿੱਖ ਪੰਥ ਦੀ ਬਹੁਤ ਵੱਡੀ ਜਿੱਤ ਕਰਾਰ ਦਿੱਤਾ ਹੈ। ਇਸ ਮੌਕੇ ਉਨ੍ਹਾਂ ਇਹ ਵੀ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਇਸ ਤਰ੍ਹਾਂ ਸਿੱਖ ਪੰਥ ਨੂੰ ਇੱਕ-ਮੁੱਠ ਰੱਖ ਕੇ ਧਾਰਮਿਕ ਕਾਰਜਾਂ ਨੂੰ ਉਤਸ਼ਾਹਤ ਕਰਦਾ ਰਹੇਗਾ, ਤਾਂ ਸਿੱਖ ਪੰਥ ਦੀ ਹੋਰ ਵੀ ਚੜ੍ਹਦੀ ਕਲਾ ਹੋਵੇਗੀ। ਇਸ ਮੀਟਿੰਗ ਵਿੱਚ ਸੰਤ ਗਿਆਨੀ ਹਰਨਾਮ ਸਿੰਘ ਜੀ ਮੁੱਖੀ ਦਮਦਮੀ ਟਕਸਾਲ (ਪ੍ਰਧਾਨ ਸੰਤ ਸਮਾਜ), ਸੰਤ ਬਾਬਾ ਦਇਆ ਸਿੰਘ ਜੀ ਸੁਰ ਸਿੰਘ ਵਾਲੇ, ਸੰਤ ਬਾਬਾ ਮੱਖਣ ਸਿੰਘ ਜੀ ਬਾਬਾ ਬਕਾਲਾ ਸਾਹਿਬ ਵਾਲੇ, ਸ੍ਰੀ ਮਹੰਤ ਗਿਆਨ ਦੇਵ ਸਿੰਘ ਜੀ ਮੁੱਖੀ ਨਿਰਮਲ ਭੇਖ, ਸੰਤ ਬਾਬਾ ਹਰੀ ਸਿੰਘ ਜੀ ਰੰਧਾਵੇ ਵਾਲੇ, ਸੰਤ ਬਾਬਾ ਪਰਮਜੀਤ ਸਿੰਘ ਜੀ ਮਾਹਿਲਪੁਰ ਵਾਲੇ, ਬਾਬਾ ਬਲਜਿੰਦਰ ਸਿੰਘ ਜੀ ਰਾੜਾ ਸਾਹਿਬ, ਬਾਬਾ ਜਰਨੈਲ ਸਿੰਘ ਜੀ ਰਾੜਾ ਸਾਹਿਬ, ਬਾਬਾ ਹਰਜਿੰਦਰ ਸਿੰਘ ਜੀ ਨਾਨਕਸਰ ਕਲੇਰਾਂ ਵਾਲੇ, ਬਾਬਾ ਲਖਬੀਰ ਸਿੰਘ ਜੀ ਰਤਵਾੜੇ ਵਾਲੇ,ਬਾਬਾ ਬਲਵੰਤ ਸਿੰਘ ਜੀ ਹਰਖੋਵਾਲ ਵਾਲੇ, ਬਾਬਾ ਦੀਦਾਰ ਸਿੰਘ ਜੀ ਹਰਖੋਵਾਲ ਵਾਲੇ, ਬਾਬਾ ਮਨਜੀਤ ਸਿੰਘ ਜੀ ਹਰਖੋਵਾਲ ਵਾਲੇ, ਬਾਬਾ ਸੁੱਖਾ ਸਿੰਘ ਜੀ ਸਰਹਾਲੀ ਸਾਹਿਬ ਵਾਲੇ, ਬਾਬਾ ਸੁਖਚੈਨ ਸਿੰਘ ਜੀ ਧਰਮਪੁਰੇ ਵਾਲੇ, ਬਾਬਾ ਨਾਗਰ ਸਿੰਘ ਜੀ ਹਰੀਆਂ ਵੇਲਾਂ ਵਾਲੇ, ਬਾਬਾ ਬੂਟਾ ਸਿੰਘ ਜੀ ਗੁੜਥੜੀ ਵਾਲੇ, ਬਾਬਾ ਚਰਨਜੀਤ ਸਿੰਘ ਜੀ ਜੱਸੋਵਾਲ ਵਾਲੇ, ਬਾਬਾ ਗੁਰਦੇਵ ਸਿੰਘ ਜੀ ਸ਼ਹੀਦੀ ਬਾਗ ਸ੍ਰੀ ਆਨੰਦਪੁਰ ਸਾਹਿਬ, ਬਾਬਾ ਗੁਰਦੇਵ ਸਿੰਘ ਜੀ ਭਾਈ ਕੀ ਸਮਾਧ ਵਾਲੇ, ਸਿੰਘ ਸਾਹਿਬ ਜਸਬੀਰ ਸਿੰਘ ਜੀ ਸਾਬਕਾ ਜੱਥੇਦਾਰ ਸ੍ਰੀ ਅਕਾਲ ਤਖਤ, ਬਾਬਾ ਲੱਖਾ ਸਿੰਘ ਜੀ ਗਮਥਮਣ ਵਾਲੇ, ਬਾਬਾ ਦਰਸ਼ਨ ਸਿੰਘ ਜੀ ਘੋੜੇਵਾਹ ਵਾਲੇ, ਬਾਬਾ ਗੁਰਦੀਪ ਸਿੰਘ ਜੀ ਬੋਹੜੀ ਸਾਹਿਬ ਵਾਲੇ, ਬਾਬਾ ਨਾਹਰ ਸਿੰਘ ਜੀ ਸਾਧ ਅੰਮ੍ਰਿਤਸਰ ਵਾਲੇ, ਬਾਬਾ ਬਲਦੇਵ ਸਿੰਘ ਜੀ ਜੋਗਵਾਲ ਵਾਲੇ, ਬਾਬਾ ਸਵਰਨਜੀਤ ਸਿੰਘ ਜੀ ਜੋਗੇਵਾਲ ਵਾਲੇ, ਬਾਬਾ ਹਰਦਿਆਲ ਸਿੰਘ ਜੀ ਭਿੰਡਰ, ਬਾਬਾ ਮਨਜੀਤ ਸਿੰਘ ਜੀ ਫਗਵਾੜੇ ਵਾਲੇ, ਬਾਬਾ ਬਲਬੀਰ ਸਿੰਘ ਜੀ, ਬਾਬਾ ਕਰਮਜੀਤ ਸਿੰਘ ਜੀ ਹੁਸ਼ਿਆਰਪੁਰ ਵਾਲੇ, ਬਾਬਾ ਜੋਗਾ ਸਿੰਘ ਜੀ ਨਸਰਾਲਾ ਵਾਲੇ, ਬਾਬਾ ਨੰਦ ਸਿੰਘ ਜੀ ਮੁੰਡਾ ਪਿੰਡ ਵਾਲੇ, ਬਾਬਾ ਗੁਰਮੀਤ ਸਿੰਘ ਜੀ ਤਿਲੋਕੇਵਾਲੇ, ਬਾਬਾ ਖੜਕ ਸਿੰਘ ਜੀ ਨਿਹੰਗ ਸਿੰਘ ਨਵਾਂ ਸ਼ਹਿਰ ਵਾਲੇ, ਬਾਬਾ ਬਲਬੀਰ ਸਿੰਘ ਜੀ ਮੁਕੇਰੀਆਂ ਵਾਲੇ, ਬਾਬਾ ਮੇਜਰ ਸਿੰਘ ਜੀ ਵਾਂਵਾਲੇ, ਬਾਬਾ ਕੁਲਦੀਪ ਸਿੰਘ ਜੀ ਧੱਲੇਕੇ, ਬਾਬਾ ਗੁਰਦੇਵ ਸਿੰਘ ਜੀ ਭਾਈ ਕੀ ਸਮਾਧ ਵਾਲਿਆਂ


(ਫੋਟੋ : ਕੁਲਦੀਪ ਸਟੂਡੀਓ)

(ਬਾਕੀ ਸਫਾ 2 'ਤੇ)

## ਗੋਆਰ ਰਾਜਪੂਤ, ਵਣਜਾਰਾ ਜਾਤੀਆਂ ਵੱਲੋਂ ਜਨਜਾਤੀ ਹੱਕਾਂ ਲਈ ਦਿੱਲੀ ਰੈਲੀ ਅੱਜ

ਜਲੰਧਰ, 4 ਜਨਵਰੀ (ਹਰਪ੍ਰੀਤ ਸਿੰਘ ਲੇਹਿਲ) ਸਮੁੱਚੇ ਦੇਸ਼ ਵਿੱਚ ਵੱਖ-ਵੱਖ ਜਾਤਾਂ ਅਤੇ ਭਾਈਚਾਰਿਆਂ ਦੇ ਰੂਪ ਵਿੱਚ ਜਾਣੇ ਜਾਂਦੇ ਸਮੁੱਚੇ ਗੋਆਰ ਰਾਜਪੂਤ ਅਤੇ ਹੋਰ ਸਬੰਧਤ ਭਾਈਚਾਰਿਆਂ ਵੱਲੋਂ ਉਨ੍ਹਾਂ ਦੇ ਜਨਜਾਤੀ ਦਰਜੇ ਦੇ ਕੇਂਦਰ ਸਰਕਾਰ ਅਤੇ ਸੂਬਾ ਸਰਕਾਰਾਂ ਵੱਲੋਂ ਕੁਚਲੇ ਜਾ ਰਹੇ ਹੱਕ ਬਹਾਲ ਕਰਵਾਉਣ ਲਈ 5 ਜਨਵਰੀ ਦਿਨ ਮੰਗਲਵਾਰ ਨੂੰ ਨਵੀਂ ਦਿੱਲੀ ਦੇ ਜੰਤਰ ਮੰਤਰ ਪਾਰਕ ਵਿਖੇ ਵਿਸ਼ਾਲ ਰੋਸ ਰੈਲੀ ਕੀਤੀ ਜਾ ਰਹੀ ਹੈ। ਸਾਬਕਾ ਸੰਸਦ ਮੈਂਬਰ ਸ੍ਰੀ ਹਰੀ ਭਾਓ ਰਾਠੌਰ ਦੀ ਅਗਵਾਈ ਵਿੱਚ ਹੋਣ ਵਾਲੀ ਇਸ ਰੋਸ ਰੈਲੀ ਵਿੱਚ ਪੰਜਾਬ, ਹਰਿਆਣਾ, ਹਿਮਾਚਲ, ਰਾਜਸਥਾਨ ਅਤੇ ਹੋਰ ਸਾਰੇ ਸੂਬਿਆਂ ਦੇ ਗੋਆਰ, ਵਣਜਾਰਾ ਕਬੀਲੇ ਭਾਰੀ ਗਿਣਤੀ ਵਿੱਚ ਸ਼ਾਮਲ ਹੋਣਗੇ।



ਇਹ ਜਾਣਕਾਰੀ ਆਲ ਇੰਡੀਆ ਗੋਆਰ ਰਾਜਪੂਤ ਸਭਾ ਦੇ ਪ੍ਰਧਾਨ ਐਡਵੋਕੇਟ ਇੰਦਰ ਸਿੰਘ ਵਲਜੋਤ ਅਤੇ ਜਨਰਲ ਸਕੱਤਰ ਸ. ਜਗੀਰ ਸਿੰਘ ਬੜਤੀਆ ਨੇ ਦਿੰਦਿਆਂ ਦੱਸਿਆ ਕਿ ਉਨ੍ਹਾਂ ਵੱਲੋਂ ਇਨ੍ਹਾਂ ਭਾਈਚਾਰਿਆਂ ਨੂੰ ਏਕਤਾ ਦੇ ਇੱਕ ਸੂਤਰ ਵਿੱਚ ਪਰੋਕੇ ਹੱਕ ਹਾਸਲ ਕਰਨ ਲਈ ਦੇਸ਼-ਵਿਆਪੀ ਲਾਮਬੰਦੀ ਕੀਤੀ ਜਾ ਰਹੀ ਹੈ।

ਉਨ੍ਹਾਂ ਨੇ ਪੰਜਾਬ ਅਤੇ ਗੁਆਂਢੀ ਸੂਬਿਆਂ ਦੇ ਸਮੂਹ ਗੋਆਰ ਅਤੇ ਵਣਜਾਰਾ ਭਾਈਚਾਰਿਆਂ ਨੂੰ ਇਸ ਰੋਸ ਰੈਲੀ ਵਿੱਚ ਵੱਧ ਚੜ੍ਹ ਕੇ ਸ਼ਾਮਲ ਹੋਣ ਦੀ ਅਪੀਲ ਕੀਤੀ ਹੈ।

## ਅਕਾਲੀ-ਭਾਜਪਾ ਸੰਕਟ ਹੋਰ ਡੂੰਘਾ

## ਬਾਦਲ ਦੇ ਮਗਰ ਭਾਜਪਾ ਦਾ ਚਾਰ ਮੈਂਬਰੀ ਵਫ਼ਦ ਵੀ ਦਿੱਲੀ ਪੁੱਜਾ

ਚੰਡੀਗੜ੍ਹ, 4 ਜਨਵਰੀ (ਹਰੀਸ਼ ਚੰਦਰ ਬਾਗਾਂਵਾਲਾ)-ਅਕਾਲੀ ਦਲ ਤੇ ਭਾਜਪਾ 'ਚ ਬਿਜਲੀ ਦਰਾਂ ਦੇ ਵਾਧੇ ਨੂੰ ਲੈ ਕੇ ਰੇੜਕਾ ਅੱਜ ਉਸ ਸਮੇਂ ਡੂੰਘਾ ਹੋ ਗਿਆ ਜਦੋਂ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਅੱਜ ਅਚਨਚੇਤ ਭਾਜਪਾ ਦੇ ਕੌਮੀ ਪ੍ਰਧਾਨ ਨੀਤਨ ਗਡਕਰੀ ਨੂੰ ਮਿਲਣ ਦਿੱਲੀ ਰਵਾਨਾ ਹੋ ਗਏ। ਜਦੋਂ ਕਿ ਦੂਜੇ ਪਾਸੇ ਪੰਜਾਬ ਭਾਜਪਾ ਵੱਲੋਂ ਇਥੇ ਹਿਮਾਚਲ ਭਵਨ 'ਚ ਸਾਰੇ ਮੰਤਰੀਆਂ ਤੇ ਪਾਰਲੀਮਾਨੀ ਸਕੱਤਰਾਂ ਸਹਿਤ ਕਈ ਵਿਧਾਇਕਾਂ ਨੂੰ ਨਾਲ ਲੈ ਕੇ ਸੂਬਾ ਇੰਚਾਰਜ ਬਲਬੀਰ ਪੁੰਜ ਦੀ ਅਗਵਾਈ 'ਚ ਹੰਗਾਮੀ ਮੀਟਿੰਗ ਸੱਦੀ। ਸਿਆਸੀ ਹਲਕਿਆਂ ਤੋਂ ਮਿਲੀ ਜਾਣਕਾਰੀ ਅਨੁਸਾਰ ਪੰਜਾਬ ਭਾਜਪਾ ਤੇ ਅਕਾਲੀ ਦਲ 'ਚ ਦੂਰੀ ਇਨੀ ਦਿਨੀਂ ਹੋਰ ਵੱਧ ਗਈ ਹੈ। ਦੋਵੇਂ ਪਾਰਟੀਆਂ ਆਪਣੇ ਆਪਣੇ ਸਟੈਂਡ ਤੇ ਕਾਇਮ ਹਨ। ਸੂਬੇ 'ਚ ਅਗਲੇ ਦੋ ਸਾਲਾਂ 'ਚ ਹੋਣ ਵਾਲੇ ਵਿਧਾਨ ਸਭਾ ਚੋਣਾਂ ਨੂੰ ਦੇਖਦੇ ਹੋਏ ਦੋਵੇਂ ਪਾਰਟੀਆ ਆਪਣੇ ਆਪਣੇ ਵੋਟ ਬੈਂਕ ਨੂੰ ਸੰਭਾਲਣ 'ਚ ਲੱਗੀਆਂ ਹੋਈਆਂ ਹਨ। ਅਕਾਲੀ ਦਲ ਵੱਲੋਂ ਜਿਥੇ ਇਸ ਮਾਮਲੇ ਨੂੰ ਲੈ ਕੇ ਬੀਤੇ ਦਿਨੀਂ ਭਾਜਪਾ ਦੇ ਸੀਨੀਅਰ ਆਗੂ ਲਾਲ ਕ੍ਰਿਸ਼ਨ ਅਡਵਾਨੀ ਨਾਲ ਮੁਲਾਕਾਤ ਕਰਕੇ ਉਸਨੂੰ ਸਾਰੇ ਮਾਮਲੇ ਤੋਂ ਜਾਣੂ ਕਰਵਾਇਆ, ਉਥੇ ਹੀ ਪਿਛਲੇ ਦਿਨੀਂ ਬਲਬੀਰ ਪੁੰਜ ਦੇ ਘਰ ਪੰਜਾਬ ਭਾਜਪਾ ਦੀ ਕੋਰ ਕਮੇਟੀ ਨੇ ਸਬਸਿਡੀਆਂ ਦੇ ਮੁੱਦੇ ਤੇ ਨੀਤਨ ਗਡਕਰੀ ਨੂੰ ਲਗਭਗ ਸੰਤੁਸ਼ਟ ਕਰ ਲਿਆ ਹੈ ਗਡਕਰੀ ਵੱਲੋਂ ਪੰਜਾਬ ਭਾਜਪਾ ਤੇ ਸਟੈਂਡ ਦੀ ਹਿਮਾਇਤ ਕੀਤੇ ਜਾਣ ਤੇ ਅਕਾਲੀ ਦਲ ਵੱਲੋਂ ਭਾਜਪਾ ਦੀ ਸੀਨੀਅਰ ਲੀਡਰਸ਼ਿਪ ਨੂੰ ਪੰਜਾਬ ਦੇ ਸਿਆਸੀ

(ਬਾਕੀ ਸਫਾ 2 'ਤੇ)

## ਆਸਾਰਾਮ ਨੂੰ ਸੁਪਰੀਮ ਕੋਰਟ ਤੋਂ ਵੀ ਰਾਹਤ ਨਹੀਂ

ਨਵੀਂ ਦਿੱਲੀ, 4 ਜਨਵਰੀ (ਵਿਸ਼ਵ ਵਾਰਤਾ)-ਸਾਬਕਾ ਸਕੱਤਰ ਰਾਜੂ ਚੰਡੋਕ 'ਤੇ ਜਾਨਲੇਵਾ ਹਮਲੇ ਦੇ ਮਾਮਲੇ ਵਿੱਚ ਅਧਿਆਤਮਿਕ ਗੁਰੂ ਆਸ਼ਾਰਾਮ ਬਾਪੂ ਨੂੰ ਸੁਪਰੀਮ ਕੋਰਟ ਤੋਂ ਵੀ ਰਾਹਤ ਨਹੀਂ ਮਿਲੀ ਹੈ। ਸੁਪਰੀਮ ਕੋਰਟ ਨੇ ਆਸ਼ਾਰਾਮ ਬਾਪੂ ਦੀ ਜ਼ਮਾਨਤ ਅਰਜ਼ੀ ਤਕਨੀਕੀ ਰੂਪ ਨਾਲ ਵੀ ਖਾਰਿਜ਼ ਕਰ ਦਿੱਤੀ ਹੈ। ਇਸ ਦੇ ਨਾਲ ਹੀ ਸੁਪਰੀਮ ਕੋਰਟ ਨੇ ਦੋਸ਼ ਹਟਾਉਣ ਤੋਂ ਵੀ ਇਨਕਾਰ ਕਰ ਦਿੱਤਾ ਹੈ। ਜ਼ਿਕਰਯੋਗ ਹੈ ਕਿ ਆਸ਼ਾਰਾਮ ਬਾਪੂ ਦੇ ਸਾਬਕਾ ਨਿੱਜੀ ਸਕੱਤਰ ਰਾਜੂ ਚੰਡੋਕ 'ਤੇ ਪਿਛਲੇ ਦਿਨੀਂ ਜਾਨਲੇਵਾ ਹਮਲਾ ਕੀਤਾ ਗਿਆ ਸੀ। ਰਾਜੂ ਚੰਡੋਕ ਨੇ ਆਸ਼ਾਰਾਮ ਬਾਪੂ 'ਤੇ ਜਾਨਲੇਵਾ ਹਮਲਾ ਕਰਵਾਉਣ ਦਾ ਦੋਸ਼ ਲਗਾਇਆ ਹੈ। ਇਸ ਮਾਮਲੇ ਵਿੱਚ ਆਸ਼ਾਰਾਮ ਬਾਪੂ ਨੇ ਇਸ ਤੋਂ ਪਹਿਲਾਂ ਹੇਠਲੀ ਅਦਾਲਤ ਵਿੱਚ ਵੀ ਜ਼ਮਾਨਤ ਅਰਜ਼ੀ ਦਾਇਰ ਕੀਤੀ ਸੀ, ਜਿਸ ਨੂੰ ਖਾਰਿਜ਼ ਕਰ ਦਿੱਤਾ ਸੀ।



ਇਸ ਤੋਂ ਬਾਅਦ ਆਸ਼ਾਰਾਮ ਗੁਜਰਾਤ ਹਾਈਕੋਰਟ ਦੀ ਸ਼ਰਨ ਗਏ ਸਨ, ਪਰ ਉਹਨਾਂ ਨੂੰ ਉਥੇ ਵੀ ਕੋਈ ਰਾਹਤ ਨਹੀਂ ਮਿਲੀ। ਆਸ਼ਾਰਾਮ ਬਾਪੂ ਨੇ ਗੁਜਰਾਤ ਹਾਈਕੋਰਟ ਦੇ ਫੈਸਲੇ ਦੇ ਖ਼ਿਲਾਫ ਸੁਪਰੀਮ ਕੋਰਟ ਵਿੱਚ ਅਪੀਲ ਕੀਤੀ ਸੀ।

## ਮੁੱਖ ਮੰਤਰੀ, ਉਪ ਮੁੱਖ ਮੰਤਰੀ ਤੇ ਹੋਰਾਂ ਵੱਲੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਉਤਸਵ ਦੀ ਵਧਾਈ

ਚੰਡੀਗੜ੍ਹ, 4 ਜਨਵਰੀ (ਹਰੀਸ਼ ਚੰਦਰ ਬਾਗਾਵਾਲਾ/ਵਿਸ਼ਵ ਵਾਰਤਾ)-ਪੰਜਾਬ ਦੇ ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਸਿੰਘ ਨੇ ਅੱਜ ਸਿੱਖਾਂ ਦੇ ਦਸਵੇਂ ਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਉਤਸਵ ਦੀ ਪੰਜਾਬੀਆਂ ਨੂੰ ਵਧਾਈ ਦਿੰਦਿਆਂ ਉਨ੍ਹਾਂ ਨੂੰ ਮਹਾਨ ਰੂਹਾਨੀ ਦੂਤ ਦੀਆਂ ਉਚ ਸਿੱਖਿਆਵਾਂ ਅਤੇ ਕੀਮਤੀ ਸਿਧਾਤਾਂ 'ਤੇ ਚਲਣ ਦਾ ਸੱਦਾ ਦਿੱਤਾ। ਮਹਾਨ ਗੁਰੂ ਦੇ ਪਵਿੱਤਰ ਜਨਮ ਦਿਹਾੜੇ ਦੀ ਪੂਰਵ ਸੰਧਿਆ ਮੌਕੇ ਇਕ ਸੰਦੇਸ਼ ਵਿੱਚ ਮੁੱਖ ਮੰਤਰੀ ਨੇ ਕਿਹਾ ਕਿ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਲੋਕਾਈ ਵਿਚੋਂ ਭਰਮ-ਭੁਲੇਖਿਆਂ ਦੇ ਹਨੇਰੇ ਨੂੰ ਮਿਟਾ ਕੇ ਉਨ੍ਹਾਂ ਵਿੱਚ ਜਾਗ੍ਰਤੀ ਪੈਦਾ ਕੀਤੀ। ਗੁਰੂ ਜੀ ਨੇ ਲੋਕਾਂ ਵਿਚੋਂ ਅੰਧ-ਵਿਸ਼ਵਾਸ਼ ਦੂਰ ਕਰਨ ਲਈ ਉਨ੍ਹਾਂ ਨੂੰ ਸਰਬ ਸ਼ਕਤੀਮਾਨ ਪ੍ਰਮਾਤਮਾ ਦੀ ਰਜਾ ਵਿਚ ਰਹਿਣ ਦਾ ਉਪਦੇਸ਼ ਦਿੱਤਾ। ਬਾਦਲ ਨੇ ਕਿਹਾ ਕਿ 1699 ਵਿੱਚ ਗੁਰੂ ਜੀ ਵਲੋਂ ਕੀਤੀ ਖਾਲਸੇ ਦੀ ਸਿਰਜਨਾ ਦਾ ਵਿਸ਼ਵ-ਵਿਆਪੀ ਮਹੱਤਵ ਹੈ, ਜਿਸ ਰਾਹੀਂ ਉਨ੍ਹਾਂ ਨੇ ਦੁਨੀਆਂ ਵਿੱਚ ਇਕ ਅਜਿਹੀ ਸ਼ਕਤੀ ਦਾ ਆਗਮਨ ਕੀਤਾ ਜੋ ਇਨਸਾਫ, ਸਮਾਨਤਾ, ਸਮਾਜਿਕ ਅੱਛਾਈ ਅਤੇ ਮਨੁੱਖਤਾ ਦੇ ਮੁੱਢਲੇ ਅਧਿਕਾਰਾਂ ਦੀ ਰਖਵਾਲੀ ਲਈ ਹਰ ਤਰ੍ਹਾਂ ਦੀ ਕੁਰਬਾਨੀ ਦੇਣ ਵਾਸਤੇ ਹਮੇਸ਼ਾਂ ਤਿਆਰ ਰਹਿੰਦੀ ਹੈ। ਸ. ਬਾਦਲ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਗੁਰੂ ਜੀ ਦੇ ਕੀਮਤੀ ਸਿਧਾਤਾਂ 'ਤੇ ਚਲਦੇ ਹੋਏ ਇਕ ਸਿਹਤਮੰਦ ਅਤੇ ਸਦਭਾਵਨਾ ਭਰਪੂਰ ਸਮਾਜ ਦੀ ਸਿਰਜਣਾ ਵਾਸਤੇ ਇਕਮੁੱਠ ਯਤਨ ਕਰਨ ਅਤੇ ਗੁਰੂ ਜੀ ਦੇ ਪਵਿੱਤਰ ਜਨਮ ਦਿਹਾੜੇ ਨੂੰ ਸਾਰੇ ਮਤਭੇਦਾਂ ਤੋਂ ਉਪਰ ਉਠ ਕੇ ਸੰਯੁਕਤ ਰੂਪ ਵਿਚ ਮਨਾਉਣ।

ਪੰਜਾਬ ਵਿਧਾਨ ਸਭਾ ਸਪੀਕਰ ਸ੍ਰ. ਨਿਰਮਲ ਸਿੰਘ ਕਾਹਲੋਂ, ਸਿੰਚਾਈ ਮੰਤਰੀ ਸ. ਜਨਮੇਜਾ ਸਿੰਘ ਸੇਖੋਂ ਅਤੇ ਤਕਨੀਕੀ ਸਿੱਖਿਆ ਮੰਤਰੀ ਚੌਧਰੀ ਸਵਰਨਾ ਰਾਮ ਨੇ ਅੱਜ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਉਤਸਵ ਦੀ

(ਬਾਕੀ ਸਫਾ 2 'ਤੇ)


# ਧੰਨਵਾਦ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਇਸ ਗੱਲ ਦੀ ਪਹਿਚਾਣ ਕਰਦਿਆਂ ਹੋਇਆ ਕਿ ਕੁਝ ਸੁਆਰਥੀ ਅਤੇ ਘੁਸਪੈਠੀ ਲੋਕਾਂ ਵੱਲੋਂ ਗੁਰ ਇਤਿਹਾਸ ਦੀ ਤਵਾਰੀਖ ਨੂੰ ਬਦਲਣ ਦਾ ਯਤਨ ਕੀਤਾ ਹੈ। ਸ਼੍ਰੋਮਣੀ ਕਮੇਟੀ ਨੇ ਆਪਣੀ ਜ਼ਿੰਮੇਵਾਰੀ ਅਤੇ ਫਰਜ਼ ਪਹਿਚਾਣਦਿਆਂ ਹੋਇਆਂ ਇਨ੍ਹਾਂ ਲੋਕਾਂ ਦੀਆਂ ਚਾਲਾਂ ਨੂੰ ਨਾਕਾਮ ਕਰਕੇ ਜੋ ਸਾਡੀਆਂ ਪੁਰਾਤਨ ਰਵਾਇਤਾਂ ਅਤੇ ਪੁਰਾਤਨ ਦਿਹਾੜਿਆਂ ਨੂੰ ਮੁੜ ਸੁਰਜੀਤ ਕਰਕੇ ਪਹਿਰੇਦਾਰੀ ਕੀਤੀ ਹੈ। ਉਸ ਗੱਲ ਲਈ ਸਮੂਹ ਸਿੱਖ ਸੰਪਰਦਾਵਾਂ, ਸਿੱਖ ਜਥੇਬੰਦੀਆਂ, ਨਿਹੰਗ ਸਿੰਘਾਂ ਦੇ ਦਲ, ਸਿੱਖ ਸੰਸਥਾਵਾਂ ਅਤੇ ਗੁਰੂ ਨਾਨਕ ਨਾਮ ਲੇਵਾ ਸਿੱਖ ਸੰਗਤਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਰੋਮ ਰੋਮ ਕਰਕੇ ਕਰਕੇ ਰਿਣੀ ਹਨ।

ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਇਸ ਸਬੰਧੀ ਜਾਰੀ ਹੋਏ ਅੱਜ ਦੇ ਆਦੇਸ਼ ਅਤੇ ਸੰਦੇਸ਼ ਤੋਂ ਬਾਅਦ ਸਾਡੇ ਮਹਾਨ ਤਖ਼ਤ ਅਤੇ ਗੁਰੂ ਅਸਥਾਨ ਜਿੱਥੇ ਅੱਜ ਇੱਕ ਲੜੀ ਵਿੱਚ ਪਰੋਏ ਗਏ ਹਨ ਉਥੇ ਪੰਥ ਅੰਦਰ ਇਕਸੁਰਤਾ ਵੀ ਕਾਇਮ ਹੋਈ ਹੈ।

ਪਰ ਅਸੀਂ ਉਨ੍ਹਾਂ ਲੋਕਾਂ ਦਾ ਵੀ ਧੰਨਵਾਦ ਕਰਦੇ ਹਾਂ ਜਿਨ੍ਹਾਂ ਨੇ ਆਪਣੇ ਮਿੱਠੇ ਬੋਲਾਂ, ਮਿੱਠੀ ਸ਼ਬਦਾਵਲੀ ਅਤੇ ਮਿੱਠੀ ਕਲਮ ਅਤੇ ਗੁਰੂ ਦੀ ਗੋਲਕ ਨਾਲ ਸਾਨੂੰ **ਕਦੇ ਜਲਾਦ ਅਤੇ ਕਦੇ ਮੁਜ਼ਰਿਮ ਕਿਹਾ**। ਪਰ ਅਸੀਂ ਇਹ ਸਭ ਕੁਝ ਨੂੰ ਇਤਿਹਾਸਕ ਤਵਾਰੀਖ, ਪਰੰਪਰਾਵਾਂ, ਅੰਮ੍ਰਿਤ, ਅੰਮ੍ਰਿਤ ਬਾਣੀ ਦੀ ਪਰਪੱਕਤਾ ਲਈ ਖਿੜੇ ਮੱਥੇ ਪ੍ਰਵਾਨ ਕਰਦੇ ਹਾਂ। ਬਲਕਿ ਸਤਿਗੁਰੂ ਜੀ ਦੇ ਚਰਨਾਂ ਵਿੱਚ ਅਰਦਾਸ ਕਰਦੇ ਹਾਂ ਕਿ ਉਹ ਸਾਨੂੰ ਆਪਣੇ ਦਰਸਾਏ ਮਾਰਗ :

*"ਫਰੀਦਾ ਜੋ ਤੈ ਮਾਰਨਿ ਮੁਕੀਆਂ ਤਿੰਨਾਂ ਨ ਮਾਰੇ ਘੁੰਮਿ ॥*
*ਆਪਨੜੈ ਘਰਿ ਜਾਈਐ ਪੈਰ ਤਿਨਾਂ ਦੇ ਚੁੰਮਿ ॥"*

'ਤੇ ਚੱਲਣ ਦਾ ਦ੍ਰਿੜ ਨਿਸ਼ਚਾ ਅਤੇ ਬਲ ਬਖ਼ਸ਼ੇ ਅਤੇ ਸਾਡੇ ਇਨ੍ਹਾਂ ਵੀਰਾਂ ਨੂੰ ਵੀ ਸੁਮੱਤ ਬਖ਼ਸ਼ੇ।

ਗੁਰੂ ਪੰਥ ਦੇ ਦਾਸ

**ਹਰਨਾਮ ਸਿੰਘ ਖ਼ਾਲਸਾ**

**ਮੁਖੀ, ਦਮਦਮੀ ਟਕਸਾਲ**

**ਪ੍ਰਧਾਨ, ਗੁਰਮਤਿ ਸਿਧਾਂਤ ਪ੍ਰਚਾਰਕ ਸੰਤ ਸਮਾਜ**

ਜਾਰੀ ਕਰਤਾ : ਸੰਤ ਬਾਬਾ ਪਰਮਜੀਤ ਸਿੰਘ ਮਾਹਿਲਪੁਰ ਸਕੱਤਰ ਜਨਰਲ, ਸੰਤ ਬਾਬਾ ਹਰੀ ਸਿੰਘ ਰੰਧਾਵੇ ਵਾਲੇ ਜਨਰਲ ਸਕੱਤਰ



ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਉਤਸਵ ਦੀਆਂ

**ਲੱਖ-ਲੱਖ ਮੁਬਾਰਕਾਂ**


ਸ. ਪ੍ਰਕਾਸ਼ ਸਿੰਘ ਬਾਦਲ
ਮੁੱਖ ਮੰਤਰੀ ਪੰਜਾਬ


ਸ. ਸੁਖਬੀਰ ਸਿੰਘ ਬਾਦਲ
ਉਪ-ਮੁੱਖ ਮੰਤਰੀ ਪੰਜਾਬ

**ਸ਼੍ਰੋਮਣੀ ਅਕਾਲੀ ਦਲ ਦੇ ਸਰਪ੍ਰਸਤ ਤੇ ਪੰਜਾਬ ਦੇ ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ, ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਅਤੇ ਉਪ ਮੁੱਖ ਮੰਤਰੀ ਸ. ਸੁਖਬੀਰ ਸਿੰਘ ਬਾਦਲ ਹੋਰਾਂ ਵੱਲੋਂ 'ਰਾਜ ਨਹੀਂ ਸੇਵਾ' ਦੇ ਸੰਕਲਪ ਤਹਿਤ ਲੋਕਾਂ ਦੀ ਸੇਵਾ ਲਈ ਦਿਨ ਰਾਤ ਸਰਗਰਮ ਹਾਂ।**


ਬਲਜੀਤ ਸਿੰਘ ਨੀਲਾ ਮਹਿਲ
ਸੀਨੀਅਰ ਅਕਾਲੀ ਆਗੂ
ਚੇਅਰਮੈਨ ਇੰਪਰੂਵਮੈਂਟ ਟਰੱਸਟ, ਜਲੰਧਰ